# ਉਚੇਰੀ ਸਿੱਖਿਆ ਵਿਭਾਗ ਵਿੱਚ 'ਜ਼ਿਲ੍ਹਾ ਲਾਇਬ੍ਰੇਰੀਅਨ' (ਗਰੁੱਪ 'ਬੀ') ਅਤੇ 'ਲਾਇਬ੍ਰੇਰੀ ਰਿਸਟੋਰਰ' (ਗਰੁੱਪ 'ਸੀ') ਦੀਆਂ ਖਾਲੀ ਅਸਾਮੀਆਂ ਰੈਗੂਲਰ ਆਧਾਰ ਤੇ ਭਰਨ ਸਬੰਧੀ। ☆

Add label

D

**Dhiman bp** 20:42

to Bhagwant, Ha... ^

| | |
|---|---|
| From | Dhiman bp • dhimanbp1977@gmail.com |
| To | Bhagwant Mann CM Punjab • cmo@punjab.gov.in |
| Cc | Harjot Singh Bains • harjotsinghbains@gmail.com |
| Bcc | pshe@punjab.gov.in |
| Date | Dec 11, 2024, 20:42 |

ਸੇਵਾ ਵਿਖੇ

ਮਾਣਯੋਗ ਸ: ਭਗਵੰਤ ਸਿੰਘ ਮਾਨ,
ਮੁੱਖ ਮੰਤਰੀ, ਪੰਜਾਬ,
ਚੰਡੀਗੜ੍ਹ।

ਵਿਸ਼ਾ : ਉਚੇਰੀ ਸਿੱਖਿਆ ਵਿਭਾਗ ਵਿੱਚ 'ਜ਼ਿਲ੍ਹਾ ਲਾਇਬ੍ਰੇਰੀਅਨ' (ਗਰੁੱਪ 'ਬੀ') ਅਤੇ 'ਲਾਇਬ੍ਰੇਰੀ ਰਿਸਟੋਰਰ ' (ਗਰੁੱਪ 'ਸੀ') ਦੀਆਂ ਖਾਲੀ ਅਸਾਮੀਆਂ ਰੈਗੂਲਰ ਆਧਾਰ ਤੇ ਭਰਨ ਸਬੰਧੀ।

ਸ੍ਰੀ ਮਾਨ ਜੀ,

ਨਿਮਰਤਾ ਸਹਿਤ ਬੇਨਤੀ ਹੈ ਕਿ ਪਿਛਲੇ 25 ਸਾਲਾਂ ਵਿੱਚ ਉਚੇਰੀ ਸਿੱਖਿਆ ਵਿਭਾਗ ਵਿਚ 'ਜ਼ਿਲ੍ਹਾ ਲਾਇਬ੍ਰੇਰੀਅਨ' ਅਤੇ 'ਲਾਇਬ੍ਰੇਰੀ ਰਿਸਟੋਰਰ' ਦੀਆਂ ਖਾਲੀ ਅਸਾਮੀਆਂ ਵਿਰੁੱਧ ਕੋਈ ਭਰਤੀ ਨਾਂ ਹੋਣ ਕਾਰਨ ਬਹੁਗਿਣਤੀ ਵਿੱਚ ਇਹ ਅਸਾਮੀਆਂ ਖਾਲੀ ਹਨ, ਜਿਸ ਕਾਰਨ ਜ਼ਿਲ੍ਹਾ/ਪਬਲਿਕ ਲਾਇਬ੍ਰੇਰੀਆਂ ਤੇ ਸਰਕਾਰੀ ਕਾਲਜਾਂ ਦੇ ਪਾਠਕਾਂ/ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਸੇਵਾਂਵਾਂ ਪ੍ਰਦਾਨ ਕਰਨ ਵਿੱਚ ਬਹੁਤ ਮੁਸ਼ਕਿਲ ਪੇਸ਼ ਆਉਂਦੀ ਹੈ। ਐਸੋਸੀਏਸ਼ਨ ਉਪਰੋਕਤ ਸਬੰਧੀ ਹੇਠ ਲਿਖੇ ਤੱਥ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹੈ :

1. ਇਸ ਸਮੇਂ ਉਚੇਰੀ ਸਿੱਖਿਆ ਵਿਭਾਗ ਵਿੱਚ 'ਜ਼ਿਲ੍ਹਾ ਲਾਇਬ੍ਰੇਰੀਅਨ ' ਦੀਆਂ 28 ਪਰਵਾਨਤ ਅਸਾਮੀਆਂ ਹਨ ਅਤੇ ਇਹ ਸਾਰੀਆਂ ਹੀ ਖਾਲੀ ਹਨ। ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਵਿਖੇ ਲਾਇਬ੍ਰੇਰੀਅਨ ਦੀਆਂ 07 ਪ੍ਰਵਾਨਤ ਅਸਾਮੀਆਂ ਵਿੱਚੋਂ ਸਾਰੀਆਂ ਹੀ ਖਾਲੀ ਹਨ। ਇਸੇ ਤਰ੍ਹਾਂ 14 ਜ਼ਿਲ੍ਹਾ/ਪਬਲਿਕ ਲਾਇਬ੍ਰੇਰੀਆਂ ਵਿਖੇ ਲਾਇਬ੍ਰੇਰੀਅਨ ਦੀਆਂ ਪ੍ਰਵਾਨਤ 21 ਅਸਾਮੀਆਂ ਵਿਰੁੱਧ ਕੇਵਲ 02 ਜ਼ਿਲ੍ਹਾ ਲਾਇਬ੍ਰੇਰੀਆਂ ਰੋਪੜ ਤੇ ਮੋਹਾਲੀ ਵਿਖੇ ਯੂ.ਜੀ.ਸੀ. ਗਰੇਡ ਲੈਣ ਵਾਲੇ ਕਾਲਜ ਲਾਇਬ੍ਰੇਰੀਅਨ ਤਾਇਨਾਤ ਹਨ ਅਤੇ ਬਾਕੀ 12 ਜ਼ਿਲ੍ਹਾ ਲਾਇਬ੍ਰੇਰੀਆਂ ਦਾ ਵਾਧੂ ਚਾਰਜ ਨਜ਼ਦੀਕ ਦੇ ਕਾਲਜ ਲਾਇਬਰੇਰੀਅਨ/ਜ਼ਿਲ੍ਹਾ ਭਾਸ਼ਾ ਅਫ਼ਸਰ ਨੂੰ ਦੇ ਕੇ ਕੰਮ ਚਲਾਇਆ ਜਾ ਰਿਹਾ ਹੈ। ਪੰਜਾਬ ਵਿੱਤ ਵਿਭਾਗ ਦੀ ਨੋਟੀਫਿਕੇਸ਼ਨ ਨੰ: 7/1/97-F.P.1/7370, ਮਿਤੀ 19-05-1998

ਅਨੁਸਾਰ 'ਜ਼ਿਲ੍ਹਾ ਲਾਇਬ੍ਰੇਰੀਅਨ' ਦੀ ਅਸਾਮੀ ਦਾ ਤਨਖਾਹ ਸਕੇਲ 5800-9200 ਰੁ: ਦਰਸਾਇਆ ਗਿਆ ਹੈ ਅਤੇ ਇਸ ਸਮੇਂ ਇਸ ਅਸਾਮੀ ਲਈ Minimum Admissible Pay 35,400 ਰੁ: ਬਣਦੀ ਹੈ। ਪੰਜਾਬ ਸਰਕਾਰ ਦੀਆਂ Classification of Services ਸਬੰਧੀ ਮੌਜੂਦਾ ਹਦਾਇਤਾਂ ਅਨੁਸਾਰ 'ਜ਼ਿਲ੍ਹਾ ਲਾਇਬ੍ਰੇਰੀਅਨ ' ਦੀ ਅਸਾਮੀ ਗਰੁੱਪ 'ਬੀ ' ਵਿੱਚ ਆਉਂਦੀ ਹੈ ਅਤੇ ਸਾਰੀਆਂ ਖਾਲੀ 28 ਅਸਾਮੀਆਂ PSSSB ਰਾਹੀਂ ਭਰਨ ਯੋਗ ਹਨ।

2. ਇਸ ਸਮੇਂ ਪੰਜਾਬ ਵਿੱਚ 64 ਸਰਕਾਰੀ ਕਾਲਜਾਂ ਵਿੱਚ ਲਾਇਬ੍ਰੇਰੀ ਰਿਸਟੋਰਰ ਦੀਆਂ 66 ਪ੍ ਵਾਨਤ ਅਸਾਮੀਆਂ ਵਿੱਚੋਂ 57 ਅਸਾਮੀਆਂ ਖਾਲੀ ਹਨ। ਇਸ ਤੋਂ ਇਲਾਵਾ ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਵਿਖੇ ਲਾਇਬ੍ਰੇਰੀ ਰਿਸਟੋਰਰ ਦੀਆਂ 05 ਪਰਵਾਨਤ ਅਸਾਮੀਆਂ ਵਿੱਚੋਂ ਸਾਰੀਆਂ ਹੀ ਖਾਲੀ ਹਨ ਅਤੇ 14 ਸਰਕਾਰੀ ਜ਼ਿਲ੍ਹਾ/ਪਬਲਿਕ ਲਾਇਬ੍ਰੇਰੀਆਂ ਵਿਖੇ 17 ਪ੍ ਵਾਨਤ ਅਸਾਮੀਆਂ ਵਿੱਚੋਂ 14 ਅਸਾਮੀਆਂ ਖਾਲੀ ਹਨ। ਇਸ ਤਰ੍ਹਾਂ ਇਸ ਸਮੇਂ ਉਚੇਰੀ ਸਿੱਖਿਆ ਵਿਭਾਗ ਵਿੱਚ ਲਾਇਬ੍ਰੇਰੀ ਰਿਸਟੋਰਰ ਦੀਆਂ ਪਰਵਾਨਤ ਕੁੱਲ 88 ਅਸਾਮੀਆਂ ਵਿੱਚੋਂ 76 ਅਸਾਮੀਆਂ ਖਾਲੀ ਹਨ ਅਤੇ ਕੇਵਲ 12 ਲਾਇਬ੍ਰੇਰੀ ਰਿਸਟੋਰਰ ਹੀ ਸੇਵਾ ਵਿੱਚ ਹਨ। ਇਸ ਅਸਾਮੀ ਲਈ Minimum Admissible Pay 21,700 ਰੁ: ਨਿਰਧਾਰਤ ਹੈ ਤੇ ਇਹ ਅਸਾਮੀ ਗਰੁੱਪ 'ਸੀ' ਵਿੱਚ ਆਉਂਦੀ ਹੈ।

ਉਪਰੋਕਤ ਤੱਥਾਂ ਦੀ ਰੌਸ਼ਨੀ ਵਿੱਚ ਐਸੋਸੀਏਸ਼ਨ ਆਪ ਜੀ ਦੀ ਸੇਵਾ ਵਿੱਚ ਪੁਰਜ਼ੋਰ ਬੇਨਤੀ ਕਰਦੀ ਹੈ ਕਿ ਜ਼ਿਲ੍ਹਾ/ਪਬਲਿਕ ਲਾਇਬ੍ਰੇਰੀਆਂ ਤੇ ਸਰਕਾਰੀ ਕਾਲਜਾਂ ਦੀਆਂ ਸੇਵਾਂਵਾਂ ਵਿੱਚ ਲੋੜੀਂਦਾ ਸੁਧਾਰ ਲਿਆਉਣ ਅਤੇ ਇਨ੍ਹਾਂ ਸੰਸਥਾਵਾਂ ਦੇ ਪਾਠਕਾਂ/ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਸੇਵਾਂਵਾਂ ਸੁਚਾਰੂ ਢੰਗ ਨਾਲ ਪ੍ਰਦਾਨ ਕਰਨ ਲਈ 'ਜ਼ਿਲ੍ਹਾ ਲਾਇਬ੍ਰੇਰੀਅਨ' (ਗਰੁੱਪ 'ਬੀ') ਦੀਆਂ 28 ਅਤੇ ਲਾਇਬ੍ਰੇਰੀ ਰਿਸਟੋਰਰ (ਗਰੁੱਪ 'ਸੀ') ਦੀਆਂ 76 ਖਾਲੀ ਅਸਾਮੀਆਂ ਰੈਗੂਲਰ ਆਧਾਰ ਤੇ PSSSB ਰਾਹੀਂ ਭਰਨ ਦੀ ਕਿਰਪਾਲਤਾ ਕੀਤੀ ਜਾਵੇ ਜੀ

ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸਪਾਤਰ,
ਬਰਜਿੰਦਰ ਪਾਲ ਧੀਮਾਨ, ਪ੍ਰਧਾਨ,
ਪੰਜਾਬ ਕਾਲਜ ਲਾਇਬ੍ਰੇਰੀਅਨਜ਼ ਐਸੋਸੀਏਸ਼ਨ
ਮੋਬਾਇਲ : 97797-61939